# ਇਨਾਮ

ਪਿਛੋਂ ਐਲਾਨ : ਸ੍ਰੀ ਵਾਹਿਗੁਰੂ ਜੀ ਕਾ ਖ਼ਾਲਸਾ
ਸ੍ਰੀ ਵਾਹਿਗੁਰੂ ਜੀ ਕੀ ਫਤਹਿ
ਸਾਰੀ ਸਾਧ ਸੰਗਤ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਅੱਜ ਦੁਪਹਿਰ ਦੋ ਵਜੇ ਜਥੇਦਾਰ ਬਘੇਲ ਸਿੰਘ ਜੀ ਸਕੂਲ ਦੀ ਗਰਾਊਂਡ ਵਿਚ ਸੰਗਤ ਦਰਸ਼ਨ ਲਈ ਤਸ਼ਰੀਫ ਲਿਆ ਰਹੇ ਹਨ। ਸਾਰਿਆਂ ਨੂੰ ਉਥੇ ਪੁੱਜਣ ਦੀ ਬੇਨਤੀ ਹੈ।
ਸ੍ਰੀ ਵਾਹਿਗੁਰੂ ਜੀ ਕਾ ਖ਼ਾਲਸਾ
ਸ੍ਰੀ ਵਾਹਿਗੁਰੂ ਜੀ ਕੀ ਫਤਿਹ

*(ਮਿਰਾਸੀ ਮਿਰਾਸਣ ਮੰਚ 'ਤੇ ਆਉਂਦੇ ਹਨ।)*

ਮਿਰਾਸੀ : ਨੀ ਬੋਲੀਏ, ਵੇਖ ਖਾਂ ਕਿੰਨੀਆਂ ਰੌਣਕਾਂ ਲੱਗੀਆਂ ਹੋਈਆਂ ਹਨ।

ਮਿਰਾਸਣ : ਲਗਦੈ ਕਿਸੇ ਵੱਡੇ ਵਜ਼ੀਰ ਨੇ ਆਉਣਾ ਏ, ਕਿੰਝ ਰੌਣਕਾਂ ਲੱਗੀਆਂ ਹੋਈਆਂ ਨੇ।

ਮਿਰਾਸੀ : ਵੱਡੇ ਵਜ਼ੀਰ ਨੇ ਨਹੀਂ, ਜਥੇਦਾਰ ਬਘੇਲ ਸਿੰਘ ਹੁਰਾਂ ਨੇ ਆਉਣਾ ਏ।

ਮਿਰਾਸਣ : (ਸਾਰੇ ਪਾਸੇ ਵੇਖ ਕੇ) ਕਿੰਨੀਆਂ ਰੰਗ ਬਰੰਗੀਆਂ ਪਗੜੀਆਂ ਵਾਲੇ ਸਰਦਾਰ ਬੈਠੇ ਨੇ।

ਮਿਰਾਸੀ : (ਇਕ ਪਾਸੇ ਨਜ਼ਰ ਟਿਕਾਈ ਬੈਠਾ ਏ।) ਆਹੋ ਬੈਠੇ ਨੇ।

ਮਿਰਾਸਣ : ਪਰ ਤੂੰ ਓਧਰ ਕੀ ਝਾਕੀ ਜਾਨਾ ਏਂ ?

ਮਿਰਾਸੀ : ਮੈਂ ਕਿਹਾ ਤੂੰ ਪੱਗਾਂ ਵਾਲੇ ਸਰਦਾਰ ਵੇਖੀ ਜਾਂਦੀ ਏ, ਅਸੀਂ ਵੀ ਕਿਸੇ ਸਰਦਾਰਨੀ ਉਤੇ ਅੱਖ ਸੇਕ ਲਈਏ।

ਮਿਰਾਸਣ : ਤੇਰਾ ਘਰ ਬਾਹਰ ਇਹੋ ਸਿਆਪਾ ਏ।

ਮਿਰਾਸੀ : ਘਰ ਤਾਂ ਇਕੋ ਤੂੰ ਹੀ ਹੁੰਦੀ ਏ, ਇਥੇ ਤਾਂ ਰੰਗ-ਬਿਰੰਗੀਆਂ ਤਿੱਤਲੀਆਂ ਨੇ।

*(ਮੋਟਾ ਥਾਣੇਦਾਰ ਆਉਂਦਾ ਹੈ।)*

ਥਾਣੇਦਾਰ : (ਡੰਡਾ ਘੁਮਾਉਂਦਿਆਂ ਹੋਇਆ) ਹਟੋ ਪਰੇ ਹਟੋ, ਰਸਤਾ ਖਾਲੀ ਕਰੋ, ਜਥੇਦਾਰ ਹੋਰੀਂ ਆ ਰਹੇ ਨੇ।

ਮਿਰਾਸੀ : ਜਥੇਦਾਰ ਹੋਰੀਂ ਆ ਰਹੇ ਨੇ ਕਿ ਤੂੜੀ ਦਾ ਟਰੱਕ ਆ ਰਿਹਾ ਏ ਅਖੇ ਪਰੇ ਹਟੋ। ਚੱਲ ਬੋਲੀਏ ਪਰੇ ਬਹਿ ਜਾਈਏ, ਕਿਧਰੇ ਥੱਲ ਆ ਕੇ ਮਿੱਧੇ

ਹੀ ਨਾ ਜਾਵੇ, ਥਾਣੇਦਾਰ ਬਘੇਲ ਸਿੰਘ ਹੋਰੀਂ ਆ ਰਹੇ ਨੇ।

ਮਿਰਾਸਣ : ਇਹ ਥਾਣੇਦਾਰ ਦਾ ਢਿੱਡ ਵੇਖਿਆ ਸੀ, ਕਿਦਾਂ ਆਫਰਿਆ ਹੋਇਆ ਸੀ।

ਮਿਰਾਸੀ : ਆਫਰਨਾ ਹੀ ਹੋਇਆ, ਜੇ ਖਾਣ ਨੂੰ ਮੁਰਗਾ ਮਿਲਦਾ ਹੋਏ ਤੇ ਪੀਣ ਨੂੰ ਬੋਤਲ ਤਾਂ ਢਿੱਡ ਵਧਣਾ ਹੀ ਹੋਇਆ।

ਮਿਰਾਸਣ : ਖਾਣ ਨੂੰ ਮੁਰਗਾ ਤੇ ਪੀਣ ਨੂੰ ਸ਼ਰਾਬ, ਇਹਦੀ ਚੋਖੀ ਸਾਰੀ ਤਨਖਾਹ ਹੋਣੀ ਏ।

ਮਿਰਾਸੀ : ਅਖੇ ਚੋਖੀ ਜਹੀ ਤਨਖਾਹ ਹੋਣੀ ਏ, ਝੱਲੀਏ ਇਹੋ ਜਿਹੀਆਂ ਚੀਜਾਂ ਤਨਖਾਹ ਵਿਚ ਨਹੀਂ ਮਿਲਦੀਆਂ ਸਗੋਂ ਉਤਲੀ ਆਮਦਨ ਨਾਲ ਮਿਲਦੀਆਂ ਨੇ, ਆਜਾ ਬਹਿਜਾ। (ਇਕ ਨੁੱਕਰੇ ਬੈਠਦੇ ਹਨ।) ਥਾਣੇਦਾਰ ਅਤੇ ਜਥੇਦਾਰ ਦੂਜੀ ਨੁੱਕਰ ਵਿਚ ਜਾਂਦੇ ਹਨ। ਜਥੇਦਾਰ ਇਸ਼ਾਰੇ ਨਾਲ ਥਾਣੇਦਾਰ ਨੂੰ ਕੋਲ ਬੁਲਾਉਂਦਾ ਹੈ।

ਜਥੇਦਾਰ : ਤੇਰੀ ਇਸ ਥਾਣੇ ਵਿਚ ਨਿਯੁਕਤੀ ਪੱਕੀ ਕਰਵਾ ਦਿੱਤੀ ਏ। ਚੰਗੀ ਆਮਦਨ ਵਾਲਾ ਥਾਣਾ ਏ, ਲੋਕਾਂ ਦੀ ਛਿੱਲ ਜਿੰਨੀ ਮਰਜ਼ੀ ਲਾਹੋ, ਪਰ ਸਾਡਾ ਧਿਆਨ ਰਖੀਂ। ਮਸਾਂ ਮਸਾਂ 18 ਸਾਲ ਬਾਅਦ ਆਪਣੀ ਸਾਂਝ ਬਣੀ ਏ।

ਥਾਣੇਦਾਰ : ਜੀ ਤੁਸੀਂ ਫਿਕਰ ਨਾ ਕਰੋ, ਲਹਿਰਾਂ ਬਹਿਰਾਂ ਕਰਵਾ ਦੇਵਾਂਗੇ (ਲੋਕਾਂ ਵੱਲ) ਪਿਛੋਂ ਹੋ ਜਾਵੋ (ਕਹਿੰਦਾ-ਕਹਿੰਦਾ ਬਾਹਰ ਨਿਕਲਦਾ ਹੈ)।

ਜਥੇਦਾਰ : ਸਾਧ ਸੰਗਤ ਜੀ, ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਹਿ

ਮਰਾਸੀ : ਵਾਹਿਗੁਰੂ ਜੀ ਕੀ ਫਤਹਿ

ਜਥੇਦਾਰ : ਸਾਧ ਸੰਗਤ ਜੀ ਮੈਂ ਤੁਹਾਡੇ ਦਰਬਾਰ ਵਿਚ ਤੁਹਾਡਾ ਧੰਨਵਾਦ ਕਰਨ ਲਈ ਹਾਜ਼ਰ ਹੋਇਆ ਹਾਂ, ਤੁਹਾਨੂੰ ਪਤਾ ਹੈ ਕਿ ਪੰਜਾਬ ਵਿਚ ਖੱਦਰਧਾਰੀਆਂ ਦਾ ਰਾਜ ਖਤਮ ਹੋ ਗਿਆ ਹੈ ਤੇ ਲੋਕਾਂ ਨੇ ਰਾਜ ਕਰਨ ਦੀ ਜ਼ਿੰਮੇਵਾਰੀ ਸਾਨੂੰ ਸੌਂਪੀ ਹੈ।

ਮਰਾਸੀ : ਬੋਲੀ ਏ, ਸੁਣਦੀ ਪਈਂ ਏ, ਪੰਜਾਬ ਵਿਚ ਖਦਰਧਾਰੀਆਂ ਦਾ ਰਾਜ ਖਤਮ ਹੋ ਗਿਆ ਏ, ਹੁਣ ਜਥੇਦਾਰਾਂ ਦਾ ਰਾਜ ਆ ਗਿਆ ਏ।

ਮਿਰਾਸਣ : ਹੁਣ ਕੀ ਹੋਵੇਗਾ ?

ਮਰਾਸੀ : ਬੜਾ ਕੁਝ ਹੋਵੇਗਾ, ਜਥੇਦਾਰ ਕੋਈ ਮਾਮੂਲੀ ਚੀਜ਼ ਨਹੀਂ।

ਜਥੇਦਾਰ : ਸਾਡਾ ਰਾਜ ਮਹਾਰਾਜਾ ਰਣਜੀਤ ਸਿੰਘ ਵਾਲਾ ਰਾਜ ਹੋਵੇਗਾ।

ਮਰਾਸੀ : (ਮਿਰਾਸਣ ਨੂੰ) ਸੁਣ ਜਥੇਦਾਰਾਂ ਦਾ ਰਾਜ ਮਹਾਰਾਜਾ ਰਣਜੀਤ ਸਿੰਘ ਵਾਲਾ ਹੋਵੇਗਾ।

ਮਿਰਾਸਣ : ਵੇ ਬੋਲਿਆ ਉਹ ਤਾਂ ਅੱਖੋਂ ਕਾਣੇ ਸੀ

ਮਰਾਸੀ : ਫੇਰ ਕੀ ਹੋਇਆ ਜਥੇਦਾਰ ਵੀ ਕਾਣੇ ਹੋ ਜਾਣਗੇ। ਜਥੇਦਾਰ ਕੋਈ ਮਾਮੂਲੀ ਸ਼ੈ ਨਹੀਂ।

ਜਥੇਦਾਰ : ਸਾਡੇ ਰਾਜ ਵਿਚ ਭ੍ਰਿਸ਼ਟਾਚਾਰ ਨੂੰ ਜੜੋਂ ਖਤਮ ਕਰ ਦਿੱਤਾ ਾਇਗ। ਕੋਈ ਵੀ ਵਿਅਕਤੀ ਜਿਹੜਾ ਕਿਸੇ ਭ੍ਰਿਸ਼ਟ ਅਧਿਕਾਰੀ ਨੂੰ ਜਾਂ ਕਰਮਚਾਰੀ ਨੂੰ ਪਕੜਾਇਗਾ ਉਹਨੂੰ 50000 ਰੁਪਏ ਦਾ ਨਕਦ ਇਨਾਮ ਦਿੱਤਾ ਜਾਏਗਾ।

ਮਰਾਸੀ : ਬੋਲੀਏ, ਸੁਣ ਜਿਹੜਾ ਭ੍ਰਿਸ਼ਟ ਅਧਿਕਾਰੀ, ਕਰਮਚਾਰੀ ਨੂੰ ਪਕੜਾਏਗਾ ਉਹਨੂੰ 50000 ਰੁਪਏ ਦਾ ਨਕਦ ਇਨਾਮ ਮਿਲੇਗਾ।

ਮਿਰਾਸਣ : 50000 ? ਪੰਜਾਹ ਹਜ਼ਾਰ ਨਾਲ ਤਾਂ ਕੁਲ ਤਰ ਜਾਂਦੀ ਏ

ਮਰਾਸੀ : ਆਹੋ ਜੇ ਮੁਖ ਮੰਤਰੀ ਨੇ ਆਪਣੀ ਕੁਲ ਤਾਰ ਲਈ ਏ ਤਾਂ ਉਹ ਲੋਕਾਂ ਦੀ ਨਹੀਂ ਤਾਰੇਗਾ ?

ਮਿਰਾਸਣ : ਆਪਣੀ ਕੁਲ ਤਾਰ ਲਈ ਏ, ਉਹ ਕਿਵੇਂ ?

ਮਰਾਸੀ : ਬਾਦਲ ਸਾਹਿਬ ਆਪ ਇਥੋਂ ਦਾ ਵੱਡਾ ਵਜ਼ੀਰ, ਪੁੱਤਰ ਦਿੱਲੀ ਦਾ ਵਜ਼ੀਰ ਤੇ ਪੁੱਤਰ ਦੀ ਮਾਂ ਬਿਨਾਂ ਮਹਿਕਮਾ ਵਜ਼ੀਰ। ਇਹ ਜਥੇਦਾਰਾਂ ਦਾ ਹਾਲ ਏ ਤੇ ਜਥੇਦਾਰ ਕੋਈ ਮਾਮਲੀ ਸ਼ੈ ਨਹੀਂ।

ਜਥੇਦਾਰ : ਸਾਡੇ ਰਾਜ ਵਿਚ ਪੁਲਸ ਲੋਕਾਂ ਦੀ ਸੇਵਾਦਾਰ ਹੋਵੇਗੀ। ਥਾਣੇ ਵਿਚ ਹਰ ਇਕ ਦੀ ਸ਼ਿਕਾਇਤ ਸੁਣੀ ਜਾਏਗੀ। ਕਿਸੇ ਗਰੀਬ ਗੁਰਬੇ ਨਾਲ ਬੇਇਨਸਾਫੀ ਨਹੀਂ ਹੋਵੇਗੀ।

ਮਰਾਸੀ : ਸੁਣ ਜਥੇਦਾਰਾਂ ਦੇ ਰਾਜ ਵਿਚ ਪੁਲਿਸ ਲੋਕਾਂ ਦੀ ਸੇਵਾਦਾਰ ਹੋਵੇਗੀ।

ਮਿਰਾਸਣ : ਕਿਹੋ ਜਿਹੀ ਸੇਵਾ ਕਰੇਗੀ ?

ਮਰਾਸੀ : ਥਾਣੇ ਜਾਵਾਂਗੇ ਤਾਂ ਥਾਣੇਦਾਰ ਹੱਥ ਜੋੜਕੇ ਖਲੋ ਜਾਏਗਾ, ਲੰਘ ਆਓ, ਲੰਘ ਆਓ, ਦਸੋ ਤੁਹਾਡੀ ਕੀ ਸੇਵਾ ਕਰੀਏ।

ਮਿਰਾਸਣ : ਜਿਹੋ ਜਿਹੀ ਹੁਣੇ ਮੋਟਾ ਥਾਣੇਦਾਰ ਕਰ ਰਿਹਾ ਸੀ।

ਮਰਾਸੀ : ਚੁੱਪ, ਜਥੇਦਾਰ ਨਰਾਜ਼ ਹੋ ਜਾਣਗੇ ਤੇ ਜਥੇਦਾਰ ਕੋਈ ਮਾਮੂਲੀ ਸ਼ੈ ਨਹੀਂ।

ਜਥੇਦਾਰ : ਸਾਡੇ ਰਾਜ ਵਿਚ ਧੀਆਂ-ਭੈਣਾਂ ਦੀ ਇੱਜ਼ਤ ਦੀ ਪੂਰੀ ਰਖਵਾਲੀ ਕੀਤੀ ਜਾਏਗੀ।

ਮਰਾਸੀ : ਧੀਆਂ ਭੈਣਾਂ ਦੀ ਪੂਰੀ ਰਖਵਾਲੀ ਕੀਤੀ ਜਾਏਗੀ।

ਮਿਰਾਸਣ : ਜਿਹੋ ਜਿਹੀ ਮਹਿਲ ਕਲਾਂ ਦੀ ਕਿਰਨਜੀਤ ਦੀ ਕੀਤੀ ਗਈ ਸੀ।

ਮਰਾਸੀ : ਚੁੱਪ, ਜਥੇਦਾਰ ਹੋਰਾਂ ਦੀ ਗੱਲ ਸੁਣ।

ਜਥੇਦਾਰ : ਹੁਣ ਧੀਆਂ ਭੈਣਾਂ 'ਕੱਲੀਆਂ ਰਾਤ ਨੂੰ ਸੜਕਾਂ 'ਤੇ ਚਲ ਫਿਰ

ਸਕਣਗੀਆਂ। ਕਿਸੇ ਲੁੱਚੇ ਲੰਡੇ ਦੀ ਜ਼ੁਰਅਤ ਨਹੀਂ ਹੋਵੇਗੀ ਕਿ ਕੋਈ ਛੇੜ ਖਾਨੀ ਕਰ ਦੇਵੇ।

ਮਰਾਸੀ : ਹੁਣ ਧੀਆਂ ਭੈਣਾਂ 'ਕੱਲੀਆਂ ਰਾਤ ਸੜਕਾਂ 'ਤੇ ਸੈਰ ਕਰਨਗੀਆਂ ਤੇ ਕਿਸੇ ਲੁੱਚੇ ਲੁੰਡੇ ਦੀ ਜ਼ੁਰਅਤ ਨਹੀਂ ਹੋਵੇਗੀ ਕਿ ਛੇੜਖਾਨੀ ਕਰ ਦੇਵੇ।

ਮਿਰਾਸਣ : ਫੇਰ ਤਾਂ ਮੈਂ ਵੀ 'ਕੱਲੀ ਰਾਤ ਨੂੰ ਸੈਰ ਕਰਾਂਗੀ।

*(ਸੈਰ ਵਾਕੁਣ ਚਲਦੀ ਹੈ।)*

ਮਰਾਸੀ : ਆਹੋ ਬਾਦਲ ਸਾਹਿਬ ਉਤੇ ਹੈਲੀਕਾਪਟਰ 'ਤੇ ਸੈਰ ਕਰਨਗੇ ਤੇ ਤੂੰ ਥੱਲੇ ਸੜਕ 'ਤੇ ਸੈਰ ਕਰੀਂ, ਇਹ ਜਥੇਦਾਰਾਂ ਦਾ ਰਾਜ ਏ ਤੇ ਜਥੇਦਾਰ ਕੋਈ ਮਾਮੂਲੀ ਸ਼ੈ ਨਹੀਂ।

ਜਥੇਦਾਰ : ਸਾਡੇ ਰਾਜ ਵਿਚ ਕਿਸਾਨਾਂ ਨੂੰ ਟਿਊਬਵੈਲ ਦੀ ਬਿਜਲੀ ਮੁਫ਼ਤ ਦਿੱਤੀ ਜਾਏਗੀ, ਨਹਿਰਾਂ ਦਾ ਪਾਣੀ ਮੁਫ਼ਤ ਦਿੱਤਾ ਜਾਏਗਾ।

ਮਰਾਸੀ : ਬਿਜਲੀ ਮੁਫ਼ਤ ਦਿੱਤੀ ਜਾਏਗੀ, ਪਾਣੀ ਮੁਫ਼ਤ ਦਿੱਤਾ ਜਾਏਗਾ। ਕਿਸਾਨਾਂ ਦੀਆਂ ਲਹਿਰਾਂ ਬਹਿਰਾਂ ਹੋ ਜਾਣਗੀਆਂ।

ਮਿਰਾਸਣ : ਉਨ੍ਹਾਂ ਦੀ ਫ਼ਸਲ ਮੰਡੀਆਂ ਵਿਚ ਰੋਲ ਦਿੱਤੀ ਜਾਏਗੀ, ਕਰਜਿਆਂ ਦਾ ਭਾਰ ਵਧਾ ਦਿੱਤਾ ਜਾਏਗਾ। ਕਿਸਾਨਾਂ ਦੀਆਂ ਲਹਿਰਾਂ-ਬਹਿਰਾਂ ਹੋ ਜਾਣਗੀਆਂ ਅਤੇ ਉਹ ਖੁਦਕੁਸ਼ੀਆਂ ਕਰਨ ਲੱਗ ਪੈਣਗੇ।

ਮਰਾਸੀ : ਚੁੱਪ, ਕਿਸਾਨ ਪਏ ਖੁਦਕੁਸ਼ੀਆਂ ਕਰਨ ਪਰ ਬਾਦਲ ਸਾਹਿਬ ਦਾ 80,000 ਰੁਪਏ ਦਾ ਟਿਊਬਵੈਲ ਦਾ ਬਿੱਲ ਮੁਆਫ਼ ਹੋ ਗਿਆ, ਹਰਚਰਨ ਸਿੰਘ ਬਰਾੜ ਦਾ ਇਕ ਲੱਖ ਰੁਪਏ ਦਾ, ਸਾਹਿਬੁ ਦਾ ਸਵਾ ਲੱਖ ਰੁਪਏ ਦਾ ਤੇ ਇਹ ਕੋਈ ਛੋਟੀ ਗੱਲ ਨਹੀਂ। ਇਹ ਜਥੇਦਾਰਾਂ ਦਾ ਰਾਜ ਏ ਤੇ ਜਥੇਦਾਰ ਕੋਈ ਮਾਮੂਲੀ ਸ਼ੈਅ ਨਹੀਂ।

ਜਥੇਦਾਰ : ਇਕ ਵਾਰੀ ਅਸੀਂ ਸਾਧ ਸੰਗਤ ਨੂੰ ਫੇਰ ਸੂਚਨਾ ਦੇਂਦੇ ਹਾਂ ਕਿ ਜੋ ਵੀ ਕੋਈ ਕਿਸੇ ਭ੍ਰਿਸ਼ਟ ਅਧਿਕਾਰੀ ਜਾਂ ਭ੍ਰਿਸ਼ਟ ਕਰਮਚਾਰੀ ਨੂੰ ਪਕੜਵਾਏਗਾ, ਉਹਨੂੰ 50,000 ਦਾ ਨਕਦ ਇਨਾਮ ਮਿਲੇਗਾ। ਇਨਾਮ ਲੈਣ ਲਈ ਸਬੂਤ ਦਾ ਹੋਣਾ ਜ਼ਰੂਰੀ ਹੈ। ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫਤਹਿ।

ਮਰਾਸੀ : ਬੋਲੀਏ, 50000 ਦਾ ਇਨਾਮ ਅਸੀਂ ਨਾ ਲੈ ਲਈਏ।

ਮਿਰਾਸਣ : ਉਹ ਕਿਵੇਂ ?

ਮਰਾਸੀ : ਕਿਸੇ ਭ੍ਰਿਸ਼ਟ ਅਧਿਕਾਰੀ ਨੂੰ, ਕਰਮਚਾਰੀ ਨੂੰ ਪਕੜਾ ਦੇਂਦੇ ਹਾਂ।

ਮਿਰਾਸਣ : ਪਰ ਭ੍ਰਿਸ਼ਟਚਾਰੀ ਅਧਿਕਾਰੀ ਕਰਮਚਾਰੀ ਲੱਭੇਗਾ ਕਿਵੇਂ ?

ਮਰਾਸੀ : ਇਹ ਵੀ ਕੋਈ ਮੁਸ਼ਕਲ ਗੱਲ ਏ। ਸਰਕਾਰੀ ਦਫ਼ਤਰ, ਹਰ ਕੁਰਸੀ 'ਤੇ ਇਕ ਭ੍ਰਿਸ਼ਟ ਅਧਿਕਾਰੀ, ਕਰਮਚਾਰੀ ਬੈਠਾ ਏ।

ਮਿਰਾਸਣ : ਪਰ ਸਬੂਤ ਕਿਥੋਂ ਦੇਵੇਂਗਾ ?

ਮਰਾਸੀ : ਹਾਂ ਇਹ ਤਾਂ ਮੁਸ਼ਕਿਲ ਏ... (ਸੋਚਦਾ ਏ) ਹਾਂ ਸੁੱਝ ਗਿਆ।

ਮਿਰਾਸਣ : ਸੁੱਝ ਗਿਆ ? ਕੀ ?

ਮਰਾਸੀ : ਤੂੰ ਹੁਣੇ ਉਹ ਥਾਣੇਦਾਰ ਵੇਖਿਆ ਸੀ, ਜੀਹਦਾ ਢਿੱਡ ਵਧਿਆ ਹੋਇਆ ਸੀ।

ਮਿਰਾਸਣ : ਆਹੋ ਪੂਰੇ ਮੱਟਕੇ ਵਰਗਾ ਸੀ।

ਮਰਾਸੀ : ਢਿੱਡ ਕੀਹਦਾ ਵਧਿਆ ਹੁੰਦਾ ਏ, ਜਿਹੜਾ ਜ਼ਰੂਰਤ ਤੋਂ ਵੱਧ ਖਾਂਦਾ ਏ ? ਜਿਹੜਾ ਹਰਾਮ ਦੀ ਖਾਂਦਾ ਹੋਵੇ ਤੇ ਹਰਾਮ ਦੀ ਕੌਣ ਖਾਂਦਾ ਏ, ਜਿਹੜਾ ਭ੍ਰਿਸ਼ਟ ਹੋਵੇ ਤੇ ਭ੍ਰਿਸ਼ਟ ਕੌਣ ਹੁੰਦਾ ਏ ਜੀਹਦਾ ਢਿੱਡ ਮੋਟਾ ਹੋਵੇ ਤੇ ਇਹ ਥਾਣੇਦਾਰ ਹੋਇਆ ਨਾ ਫੇਰ ਚਲਦਾ-ਫਿਰਦਾ ਭ੍ਰਿਸ਼ਟਾਚਾਰ ਦਾ ਸਬੂਤ। ਲਿਆ ਕਾਗਜ਼ ਲਿਖੀਏ ਅਰਜ਼ੀ।

ਮਿਰਾਸਣ : ਲਿਆਂਦੀ ਹਾਂ।

*(ਉਹ ਜਾਂਦੀ ਹੈ, ਪਿਛੋਂ ਆਪਣੀ ਮਾਈਮ ਵਿਚ ਵੱਖ-ਵੱਖ ਐਕਸ਼ਨ ਕਰਦਾ ਹੈ, ਜਿਸ ਤਰ੍ਹਾਂ ਉਹਨੂੰ 50000 ਰੁਪਏ ਵਾਕਈ ਮਿਲ ਗਿਆ ਹੈ। ਮਿਰਾਸਣ ਕਾਗਜ਼ ਲੈ ਕੇ ਆਉਂਦੀ ਹੈ।)*

ਮਰਾਸੀ : ਲਿਖ

ਮਿਰਾਸਣ : ਤੂੰ ਆਪ ਲਿਖ

ਮਰਾਸੀ : ਸਾਖਰਤਾ ਵਾਲਿਆਂ ਕੋਲੋਂ ਪੜ੍ਹਦੀ ਤੂੰ ਰਹੀਂ ਏਂ ਤੇ ਲਿਖਾਂ ਮੈਂ ?

ਮਿਰਾਸਣ : ਸ੍ਰੀਮਾਨ ਜਥੇਦਾਰ ਜੀ, ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫਤਹਿ (ਉਹ ਅੱਗੋਂ ਮਾਈਮ ਨਾਲ ਬੋਲਦਾ ਹੈ ਤੇ ਉਹ ਲਿਖੀ ਜਾਂਦੀ ਹੈ।) ... ... ਲਿਖੁਤਮ ਰੁਲੀਆ ਰਾਮ ਮਿਰਾਸੀ। ਫੜ੍ਹਾ ਹੁਣ ਇਹ ਅਰਜ਼ੀ ਦੇ ਕੇ ਆਵਾਂ ਜਲਦੀ ਜਲਦੀ।

ਮਿਰਾਸਣ : ਜਲਦੀ ਜਲਦੀ ?

ਮਰਾਸੀ : ਆਹੋ ਕੀ ਪਤੈ ਜਥੇਦਾਰ ਦਾ ਰਾਜ ਕਦੋਂ ਖਤਮ ਹੋ ਜਾਏ।

ਮਿਰਾਸਣ : ਉਹ ਕਿਉਂ ?

ਮਰਾਸੀ : ਜਥੇਦਾਰਾਂ ਦਾ ਕੀ ਪਤੈ ਕਦੋਂ ਲੜ ਪੈਣ।

ਮਿਰਾਸਣ : ਪਰ ਇਹ ਲੜਦੇ ਕਿਉਂ ਨੇ ?

ਮਰਾਸੀ : ਜਿਸ ਤਰ੍ਹਾਂ ਰਾਤੀਂ ਤੂੰ ਮੇਰੇ ਨਾਲ ਲੜ ਪਈ ਸੀ ਅਖੇ ਮੈਂ ਉੱਚੀ ਚੌਕੀ 'ਤੇ ਕਿਉਂ ਬੈਠਾਂ ਤੇ ਤੈਨੂੰ ਨੀਵੀਂ ਚੌਕੀ ਕਿਉਂ ਦਿੱਤੀ। ਜਥੇਦਾਰ ਇਸ ਗੱਲ 'ਤੇ ਲੜਣਗੇ ਕਿ ਚੰਡੀਗੜ੍ਹ ਦਾ ਤਖ਼ਤ ਵੱਡਾ ਏ ਕਿ

ਅੰਮ੍ਰਿਤਸਰ ਦਾ ਤਖ਼ਤ ਵੱਡਾ ਏ।

ਮਿਰਾਸਣ : ਚੱਲ ਅਸੀਂ ਇਸ ਵਿਚੋਂ ਕੀ ਲੈਣਾ ਦੇਣਾ ਏ ? ਤੂੰ ਅਰਜ਼ੀ ਦੇ ਤੇ ਇਨਾਮ ਲਿਆ।

*(ਜਾਂਦਾ ਹੈ।)*

ਮਿਰਾਸਣ : (ਆਪਣੇ ਆਪ ਵਿਚ) ਇਨਾਮ ਮਿਲੇਗਾ ਤਾਂ ਪਹਿਲੇ ਇਥ ਬੈਠਕ ਬਣਵਾਵਾਂਗੇ। ਇਹਦੇ ਦੋਸਤ ਆਉਂਦੇ ਨੇ ਤੇ ਵਿਹੜੇ ਵਿਚ ਹੀ ਬੈਠ ਕੇ ਪੀਣ ਲੱਗ ਪੈਂਦੇ ਨੇ। ਬਈ ਜੇ ਤੁਸੀਂ ਪੀਣੀ ਵੀ ਹੈ ਤੇ ਅੰਦਰ ਬਹਿ ਕੇ ਪੀਵੋ, ਧੀ ਭੈਣ ਦੀ ਸ਼ਰਮ ਕਰੋ।

*(ਮਰਾਸੀ ਆਉਂਦਾ ਹੈ।)*

ਮਰਾਸੀ : ਦੇ ਆਇਆ ਹਾਂ।

ਮਿਰਾਸਣ : ਇਨਾਮ ਕਦੋਂ ਮਿਲੇਗਾ ?

ਮਰਾਸੀ : ਕਹਿੰਦੇ ਸੀ ਥੋੜ੍ਹੀ ਦੇਰ ਠਹਿਰਕੇ ਲੈ ਜਾਈਂ

ਮਿਰਾਸਣ : ਫੇਰ ਤੂੰ ਜਾ, ਮੈਂ ਘਰ ਤੇਰੇ ਲਈ ਰੋਟੀ ਪਕਾਉਂਦੀ ਹਾਂ। ਅੱਜ ਚਿੱਬੜਾਂ ਦੀ ਚਟਨੀ ਨਾਲ ਤੈਨੂੰ ਰੋਟੀ ਖਵਾਵਾਂਗੀ।

ਮਰਾਸੀ : ਫਿੱਟੇ ਮੂੰਹ, ਗਵਾਂਢੀਆਂ ਦੀਆਂ ਨਾਸਾਂ ਨੂੰ ਧੂੰਆ ਚੜਨਾ। ਹੁਣ ਅਸੀਂ 50000 ਦੇ ਮਾਲਕ ਹਾਂ ਕੋਈ ਐਰਾ ਗੈਰਾ ਨਹੀਂ।

ਮਿਰਾਸਣ : 50000 ਲੈ ਕੇ ਸਿੱਧਾ ਘਰ ਆਈਂ।

ਮਰਾਸੀ : ਸਿੱਧਾ ਕਿਉਂ ਆਵਾਂ, ਤੂੰ ਜਾਵੀਂ ਪੇਕੇ, ਯਾਰ ਜਾਣਗੇ ਠੇਕੇ।

ਮਿਰਾਸਣ : ਫਿੱਟੇ ਮੂੰਹ।

*(ਜਾਂਦਾ ਹੈ।)*

ਮਰਾਸੀ : (ਆਪਣੇ ਆਪ ਵਿਚ) 50000 ਜਥੇਦਾਰ ਕਹਿੰਦਾ ਸੀ ਦਸ-ਦਸ ਹਜ਼ਾਰ ਦੀਆਂ ਪੰਜ ਥੁੱਚੀਆਂ ਮਿਲਣਗੀਆਂ। ਇਥੇ ਪਾਵਾਂਗਾ ਇਸ ਬੋਝੇ ਵਿਚ, ਦੂਜੀ ਪਾਵਾਂਗਾ ਇਸ ਬੋਝੇ ਵਿਚ, ਤੀਜੀ ਪਾਵਾਂਗਾ ਅੰਦਰ ਵਾਲੇ ਬੋਝੇ ਵਿਚ, ਚੌਥੀ ਪਾਵਾਂਗਾ ਉਤਲੇ ਬੋਝੇ, ਪੰਜਵੀਂ ਪਾਵਾਂਗਾ ਥੱਲੇ ਵਾਲੇ ਬੋਝੇ। ਸਾਰੀਆਂ ਇਕੋ ਬੋਝੇ ਪਾਉਣੀਆਂ ਨੇ ? ਥਾਂ-ਥਾਂ ਜੇਬਕਤਰੇ ਫਿਰਦੇ ਨੇ ਜ਼ੇਬੇ ਵਿਚ ਪਾਵਾਂਗਾ 50000 ਤੇ ਤੁਰਾਂਗਾ ਸ਼ਾਨ ਨਾਲ।

*(ਤੁਰਦਾ ਹੈ। ਜਦੋਂ ਇਕ ਪਾਸੇ ਤੁਰ ਰਿਹਾ ਹੈ ਤਾਂ ਥਾਣੇਦਾਰ ਪਿਛੋਂ ਆ ਕੇ ਗਿੱਚੀ ਤੋਂ ਫੜ ਲੈਂਦਾ ਹੈ।)*

ਥਾਣੇਦਾਰ : ਰੁਲੀਆ ਰਾਮ ਤੇਰਾ ਹੀ ਨਾਂ ਏ ?

ਮਰਾਸੀ : ਜੀ, ਮੇਰਾ ਹੀ ਨਾਂ ਏ, ਜੀ ਹੌਲੀ ਫੜੋ ਮੈਂ ਗਰੀਬ ਮਰ ਜਾਵਾਂਗਾ,

ਮੇਰੀ ਮਿਰਾਸਣ ਵਿਧਵਾ ਹੋ ਜਾਏਗੀ।

ਥਾਣੇਦਾਰ : (ਛੱਡਦਾ ਹੋਇਆ ਤੇ ਨਾਲ ਹੀ ਉਹਨੂੰ ਕਾਗਜ਼ ਦਿਖਾਉਂਦੇ ਹੋਏ) ਇਹ ਅਰਜ਼ੀ ਤੂੰ ਹੀ ਲਿਖੀ ਏ ?

ਮਰਾਸੀ : ਜੀ ਲਿਖੀ ਮੇਰੀ ਮਿਰਾਸਣ ਨੇ ਪਰ ਦਸਖਤ ਮੈਂ ਕੀਤੇ ਸੀ।

ਥਾਣੇਦਾਰ : ਜਥੇਦਾਰ ਹੋਰਾਂ ਤੇਰੇ ਲਈ ਇਨਾਮ ਭੇਜਿਆ ਏ।

ਮਰਾਸੀ : ਉਹ ਤਾਂ ਭੇਜਣਾ ਹੀ ਸੀ।

ਥਾਣੇਦਾਰ : ਉਹ ਤੇਰੇ ਸਬੂਤ ਤੋਂ ਬਹੁਤ ਪ੍ਰਭਾਵਤ ਹੋਏ ਹਨ, ਭ੍ਰਿਸ਼ਟ ਕੌਣ ਹੁੰਦਾ ਏ, ਜਿਸਦਾ ਪੇਟ ਮੋਟਾ ਹੋਵੇ, ਮੋਟਾ ਉਹ ਹੁੰਦਾ ਏ ਜੋ ਜ਼ਰੂਰਤ ਤੋਂ ਵੱਧ ਖਾਂਦਾ ਏ।

ਮਰਾਸੀ : ਜ਼ਰੂਰਤ ਤੋਂ ਵੱਧ ਉਹ ਖਾਂਦਾ ਏ ਜਿਹੜਾ ਹਰਾਮ ਦੀ ਖਾਂਦਾ ਹੋਵੇ, ਹਰਾਮ ਦੀ ਉਹ ਖਾਂਦਾ ਏ ਜਿਹੜਾ ਭ੍ਰਿਸ਼ਟ ਹੋਵੇ।

ਥਾਣੇਦਾਰ : ਤੇ ਭ੍ਰਿਸ਼ਟ ਉਹ ਹੁੰਦਾ ਏ ਜੀਹਦਾ ਢਿੱਡ ਮੋਟਾ ਹੋਵੇ।

ਮਰਾਸੀ : ਹਾਂ ਜੀ।

ਥਾਣੇਦਾਰ : (ਹੁਣ ਆਪਣੇ ਅਸਲੀ ਰੰਗ ਵਿਚ) ਹਾਂ ਜੀ ਦੇ ਬੱਚਿਆ, ਮੈਂ ਹੀ ਤੈਨੂੰ ਭ੍ਰਿਸ਼ਟ ਦਿਸਿਆ ? ਤੈਨੂੰ ਦਿੱਲੀ ਤੇ ਚੰਡੀਗੜ੍ਹ ਬੈਠੇ ਭ੍ਰਿਸ਼ਟ ਨਾ ਦਿਸੇ, ਜਿਨ੍ਹਾਂ ਸਾਰਾ ਮੁਲਕ ਲੁੱਟ ਖਾਧਾ।

ਮਰਾਸੀ : ਜੀ ਪਤਾ ਸੀ, ਪਰ ਇਨਾਮ ਲਈ ਸਬੂਤ ਚਾਹੀਦਾ ਸੀ ਤੇ ਉਹ ਸਬੂਤ ਸਾਖਸ਼ਾਤ ਤੁਸੀਂ ਹੀ ਸੀ।

ਥਾਣੇਦਾਰ : ਫੇਰ ਦੇਈਏ ਇਨਾਮ ?

ਮਰਾਸੀ : ਜੀ ਦੇਵੋ, ਪਰ ਥੋੜਾ ਪਰ੍ਹਾਂ ਹੋ ਕੇ।

ਥਾਣੇਦਾਰ : (ਥੱਲੇ ਸੁੱਟਦਾ ਹੋਇਆ) ਦੇਨਾਂ ਹਾਂ ਤੈਨੂੰ ਪੰਜਾਹ ਹਜ਼ਾਰ। ਇਹ ਪਹਿਲੀ ਕਿਸ਼ਤ (ਡੰਡਾ ਮਾਰਦਾ ਹੋਇਆ) ਦਸ ਹਜ਼ਾਰ ਮਿਲ ਗਿਆ ਦਸ ਹਜ਼ਾਰ ?

ਮਰਾਸੀ : ਜੀ ਇਕ ਲੱਖ ਮਿਲ ਗਿਆ... (ਤੇ ਫੇਰ ਚਾਰ ਵਾਰੀ ਹੋਰ ਉਸਨੂੰ ਕੁੱਟਦਾ ਹੈ।)

ਥਾਣੇਦਾਰ : ਕਿਉਂ ਮਿਲ ਗਿਆ ਪੰਜਾਹ ਹਜ਼ਾਰ ਦਾ ਇਨਾਮ ?

ਮਰਾਸੀ : ਜੀ ਹੁਣ ਤਾਂ 5 ਲੱਖ ਦਾ ਮਿਲ ਗਿਆ।

ਥਾਣੇਦਾਰ : ਹੋਰ ਦੇਈਏ ?

ਮਰਾਸੀ : ਜੀ ਬੜਾ ਮਿਲ ਗਿਆ।

ਥਾਣੇਦਾਰ : ਜਥੇਦਾਰ ਹੋਰਾਂ ਨੂੰ ਹੋਰ ਕੁਝ ਕਹਿਣਾ ਏ ?

ਮਰਾਸੀ : ਜੀ ਮੇਰਾ ਧੰਨਵਾਦ ਕਹਿ ਦੇਣਾ।

*(ਥਾਣੇਦਾਰ ਜਾਂਦਾ ਹੈ, ਮਰਾਸੀ ਹੌਲੇ ਹੌਲੇ ਸੰਭਲਦਾ ਹੈ ਅਤੇ*

*ਨਾਲ ਹਾਏ ਹਾਏ ਕਰਦਾ ਹੈ। ਮਿਰਾਸਣ ਪਿਛੋਂ ਅਵਾਜ਼...
'ਰੁਲਦੂ ਦਾ ਭਾਈਆ ਹੁਣ ਤੱਕ ਨਹੀਂ ਆਇਆ ਜਾ ਕੇ ਦੇਖਾਂ
ਕਿਥੇ ਰਹਿ ਗਿਆ ਏ'। ਸਟੇਜ ਦੇ ਇਕ ਪਾਸੇ ਆਉਂਦੀ ਹੈ, ਦੂਜੇ
ਪਾਸੇ ਮਰਾਸੀ ਲੜਖੜਾਂਦਾ ਆਉਂਦਾ ਹੈ।)*

ਮਿਰਾਸਣ : ਫੇਰ ਪੀ ਕੇ ਆ ਗਿਆ ਏਂ ? ਕਿੰਨੀ ਵਾਰੀ ਕਿਹਾ ਸੀ, ਸਿੱਧਾ ਘਰੇ ਆਈਂ।(ਕੋਲ ਜਾ ਕੇ) ਰੁਲਦੂ ਦੇ ਭਾਈਆ ਲੈ ਆਇਆਂ ਏ ਇਨਾਮ।

ਮਰਾਸੀ : ਹਾਂ ਲੈ ਆਇਆ ਹਾਂ।

*(ਅਗਲਾ ਸਾਰਾ ਮਾਇਮ ਐਕਸ਼ਨ। ਮਿਰਾਸਣ ਬੋਝੇ ਫੋਲਦੀ ਏ ਤੇ
ਮਰਾਸੀ ਹੱਥ ਲਗਾਉਣ 'ਤੇ ਭੜਕਦਾ ਏ।)*

ਮਰਾਸੀ : ਘਰ ਚੱਲ, ਹਵਾ ਗਰਮ ਕਰ ਇਨਾਮ ਦੀਆਂ ਗੁੱਥੀਆਂ ਦਾ ਸੇਕ ਕਰ। ਜਾਂਦਿਆਂ ਜਾਂਦਿਆਂ ਇਕ ਗੱਲ ਕਹਿ ਜਾਵਾਂ ਮਹਾਰਾਜ

ਰਾਜਿਆ ਰਾਜ ਕਰੇਂਦਿਆ
ਰਣਜੀਤ ਸਿੰਘ ਵਰਗੇ ਰਾਜੇ ਨੂੰ
ਰਾਜਿਆ ਰਾਜ ਕਰੇਂਦਿਆਂ
ਦੇਖ ਲਏ ਤੇਰੇ ਕਾਰੇ
ਬੇੜੀ ਡੁਬਣੀ ਤੇਰੇ ਰਾਜ ਦੀ
ਏਹ ਲੱਗਣੀ ਨਹੀਂ ਕਿਨਾਰੇ।

*(ਸਮਾਪਤ)*